BRAMPTON

Media Release

ਤੁਰੰਤ ਰਿਲੀਜ ਲਈ

## ਵੋਟਿੰਗ ਡੇ ਵਿੱਚ 100 ਦਿਨ ਬਾਕੀ ਹਨ – ਕੀ ਤੁਸੀਂ ਤਿਆਰ ਹੋ?

ਬ੍ਰੈਂਪਟਨ, ਓਨਟੈਰੀਓ (15 ਜੁਲਾਈ, 2022) – ਐਤਵਾਰ, 17 ਜੁਲਾਈ ਨੂੰ 100 ਦਿਨ ਬਾਕੀ ਰਹਿ ਜਾਣਗੇ, ਜਦੋਂ ਬ੍ਰੈਂਪਟਨ ਦੇ ਮਤਦਾਤਾ, ਸੋਮਵਾਰ 24 ਅਕਤੂਬਰ, 2022 ਨੂੰ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਵਿੱਚ ਵੋਟ ਦੇਣ ਲਈ ਮਹੱਤਵਪੂਰਣ ਫੈਸਲਾ ਲੈਣਗੇ।

ਵੋਟਿੰਗ ਅਸਾਨ ਹੈ – ਇੱਥੇ ਮਤਦਾਤਾਵਾਂ ਲਈ ਯਾਦ ਕਰਾਉਣ ਵਾਲੀਆਂ ਕੁਝ ਉਪਯੋਗੀ ਗੱਲਾਂ ਦਿੱਤੀਆਂ ਗਈਆਂ ਹਨ:

- **ਨਿਰਧਾਰਤ ਕਰੋ ਕਿ ਕੀ ਤੁਸੀਂ ਯੋਗ ਮਤਦਾਤਾ ਹੋ:** ਤੁਸੀਂ ਤਦ ਵੋਟ ਪਾਉਣ ਲਈ ਯੋਗ ਹੋ, ਜੇਕਰ ਤੁਸੀਂ ਕੈਨੇਡਿਅਨ ਨਾਗਰਿਕ ਹੋ, ਵੋਟਿੰਗ ਡੇ (Voting Day) ਨੂੰ ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੈ ਅਤੇ ਤੁਸੀਂ ਬ੍ਰੈਂਪਟਨ ਵਿੱਚ ਰਹਿੰਦੇ ਹੋ (ਜਾਂ ਬ੍ਰੈਂਪਟਨ ਵਿੱਚ ਜ਼ਮੀਨ ਦੇ ਮਾਲਕ ਜਾਂ ਕਿਰਾਏਦਾਰ ਹੋ ਜਾਂ ਉਸ ਮਾਲਕ ਜਾਂ ਕਿਰਾਏਦਾਰ ਦੇ ਜੀਵਨਸਾਥੀ ਹੋ)।
- **ਵੋਟਰਸ ਸੂਚੀ ਵਿੱਚ ਆਪਣੀ ਜਾਣਕਾਰੀ ਦੀ ਪੁਸ਼ਟੀ ਕਰੋ:** ਇਹ ਦੇਖਣ ਲਈ ਕਿ ਤੁਹਾਡੀ ਜਾਣਕਾਰੀ ਸਹੀ ਅਤੇ ਅਪ-ਟੂ-ਡੇਟ ਹੈ, voterlookup.ca ਤੇ ਜਾਓ। ਇਹ ਵੈਬਸਾਈਟ, 21 ਜੁਲਾਈ, 2022 ਤੱਕ ਐਕਟਿਵ ਰਹੇਗੀ। ਉਸਦੇ ਬਾਅਦ, ਮਤਦਾਤਾ 1 ਸਤੰਬਰ ਤੋਂ ਸ਼ੁਰੂ ਕਰਦੇ ਹੋਏ, ਸਿਟੀ ਦੀ ਵੈਬਸਾਈਟ ਤੇ ਆਪਣੀ ਜਾਣਕਾਰੀ ਦੇਖ ਸਕਣਗੇ।
- **ਆਪਣੇ ਵਾਰਡ ਦਾ ਪਤਾ ਕਰੋ:** ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਸੀਂ ਕਿਹੜੇ ਵਾਰਡ ਵਿੱਚ ਰਹਿੰਦੇ ਹੋ, ਤਾਂ ਇੱਥੇ ਦੇਖੋ (check here)।
- **ਆਪਣੇ ਵਾਰਡ ਵਿੱਚ ਕਿਤੇ ਵੀ ਵੋਟ ਪਾਓ:** 24 ਅਕਤੂਬਰ ਨੂੰ, ਤੁਸੀਂ ਆਪਣੇ ਵਾਰਡ ਵਿੱਚ ਕਿਸੇ ਵੀ ਵੋਟਿੰਗ ਸਥਾਨ ਤੇ ਵੋਟ ਪਾ ਸਕਦੇ ਹੋ। ਵੋਟਿੰਗ ਸਥਾਨ ਬਾਰੇ ਜਾਣਕਾਰੀ, ਸਤੰਬਰ ਵਿੱਚ ਸਿਟੀ ਦੀ ਵੈਬਸਾਈਟ ਤੇ ਉਪਲਬਧ ਹੋਵੇਗੀ।
- **ਐਡਵਾਂਸ ਵੋਟਿੰਗ ਤਾਰੀਖਾਂ:** ਜੇਕਰ ਤੁਸੀਂ 24 ਅਕਤੂਬਰ ਨੂੰ ਵੋਟ ਨਹੀਂ ਪਾ ਸਕਦੇ, ਤਾਂ ਕਿਸੇ ਵੀ ਐਡਵਾਂਸ ਵੋਟਿੰਗ ਦਿਨਾਂ, 7, 8, 9, 14 ਜਾਂ 15 ਅਕਤੂਬਰ ਨੂੰ ਵੋਟ ਪਾਉਣ ਤੇ ਵਿਚਾਰ ਕਰੋ। ਐਡਵਾਂਸ ਵੋਟਿੰਗ (Advance Voting) ਬਾਰੇ ਜਾਣਕਾਰੀ, ਸਤੰਬਰ ਵਿੱਚ ਸਿਟੀ ਦੀ ਵੈਬਸਾਈਟ ਤੇ ਉਪਲਬਧ ਹੋਵੇਗੀ। ਐਡਵਾਂਸ ਵੋਟਿੰਗ, ਕਮਿਊਨਿਟੀ ਦੇ ਉਹਨਾਂ ਮੈਂਬਰਾਂ ਲਈ ਇੱਕ ਚੰਗਾ ਵਿਕਲਪ ਵੀ ਹੈ, ਜੋ ਦੀਵਾਲੀ (Diwali) ਅਤੇ ਬੰਦੀ ਛੋੜ ਦਿਵਸ (Bandi Chhor Divas) ਦਾ ਜਸ਼ਨ ਮਨਾਉਣ ਵਿੱਚ ਰੁੱਝੇ ਹੋਣਗੇ, ਜੋ ਇਸ ਸਾਲ ਵੋਟਿੰਗ ਡੇ ਨੂੰ ਹੀ ਹੈ।
- **ਪ੍ਰੋਕਸੀ ਵੋਟਿੰਗ:** ਜੇਕਰ ਤੁਸੀਂ ਬ੍ਰੈਂਪਟਨ ਦੇ ਯੋਗ ਮਤਦਾਤਾ ਹੋ, ਜੋ ਵੋਟਿੰਗ ਡੇ ਨੂੰ ਜਾਂ ਐਡਵਾਂਸ ਵੋਟਿੰਗ ਦੀ ਕਿਸੇ ਵੀ ਤਾਰੀਖ ਨੂੰ ਵੋਟ ਨਹੀਂ ਪਾ ਸਕਦੇ, ਤਾਂ ਤੁਸੀਂ ਆਪਣੇ ਵੱਲੋਂ ਵੋਟ ਪਾਉਣ ਲਈ, ਬ੍ਰੈਂਪਟਨ ਦੇ ਕਿਸੇ ਹੋਰ ਯੋਗ ਮਤਦਾਤਾ ਨੂੰ ਅਪੋਇੰਟ ਕਰ ਸਕਦੇ ਹੋ। ਕੋਈ ਵੀ ਵਿਅਕਤੀ, ਜਿਸਦਾ ਨਾਮ ਵੋਟਰਸ ਸੂਚੀ ਵਿੱਚ ਹੈ ਜਾਂ ਜਿਸਨੂੰ ਵੋਟਰਸ ਸੂਚੀ ਵਿੱਚ ਸ਼ਾਮਲ ਕੀਤਾ ਹੋਇਆ ਹੈ, ਉਹ ਪ੍ਰੋਕਸੀ ਦੁਆਰਾ ਵੋਟ ਪਾ ਸਕਦਾ ਹੈ। ਪ੍ਰੋਕਸੀ ਵੋਟਿੰਗ ਬਾਰੇ ਹੋਰ ਜਾਣਕਾਰੀ, ਜਲਦੀ ਹੀ ਸਿਟੀ ਦੀ ਵੈਬਸਾਈਟ ਤੇ ਉਪਲਬਧ ਹੋਵੇਗੀ।
- **ਹੋਮ ਵੋਟਿੰਗ ਸੇਵਾ:** ਉਹ ਯੋਗ ਮਤਦਾਤਾ, ਜੋ ਬੀਮਾਰੀ, ਸੱਟ ਜਾਂ ਅਪਾਹਜਪੁਣੇ ਦੇ ਕਾਰਨ ਘਰ ਵਿੱਚ ਰਹਿਣ ਲਈ ਮਜ਼ਬੂਰ ਹਨ, 11, 12 ਅਤੇ 13 ਅਕਤੂਬਰ ਨੂੰ ਹੋਮ ਵੋਟਿੰਗ (Home Voting) ਸੇਵਾ ਵਰਤਦੇ ਹੋਏ ਵੋਟ ਪਾਉਣ ਲਈ ਅਪਲਾਈ ਕਰ ਸਕਦੇ ਹਨ। ਉਹਨਾਂ ਵਿਅਕਤੀਆਂ ਲਈ ਸੀਮਿਤ ਅਪੋਇੰਟਮੈਂਟਾਂ ਉਪਲਬਧ ਹੋਣਗੀਆਂ, ਜੋ ਯੋਗਤਾ ਸ਼ਰਤਾਂ ਨੂੰ ਪੂਰਾ ਕਰਦੇ ਹਨ। ਸੇਵਾ ਅਤੇ ਅਪੋਇੰਟਮੈਂਟ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ, ਜਲਦੀ ਹੀ ਸਿਟੀ ਦੀ ਵੈਬਸਾਈਟ ਤੇ ਉਪਲਬਧ ਹੋਵੇਗੀ।
- **ਆਪਣੀ ਆਈ.ਡੀ. ਲੈ ਕੇ ਆਓ:** ਮਤਦਾਤਾਵਾਂ ਲਈ ਲਾਜ਼ਮੀ ਹੈ ਕਿ ਵੋਟ ਪਾਉਣ ਲਈ ਆਪਣੇ ਨਾਲ ਇੱਕ ਪਛਾਣ ਪੱਤਰ ਲੈ ਕੇ ਆਉਣ, ਜਿਸ ਉੱਤੇ ਉਹਨਾਂ ਦਾ ਨਾਮ ਅਤੇ ਯੋਗ ਬ੍ਰੈਂਪਟਨ ਦਾ ਪਤਾ ਲਿਖਿਆ ਹੋਵੇ। ਵੋਟਿੰਗ ਤੋਂ ਪਹਿਲਾਂ, ਪਛਾਣ ਲਈ ਸਵੀਕਾਰਯੋਗ ਦਸਤਾਵੇਜ਼ਾਂ (acceptable documents for identification) ਦੀ ਸੂਚੀ ਦੇਖੋ।

**ਹੋਰ ਰਿਮਾਈਂਡਰ:**

- **ਚੋਣਾਂ ਵਿੱਚ ਕੰਮ ਕਰੋ:** ਹੁਣੇ ਮਿਊਨਿਸਿਪਲ ਚੋਣ ਵਰਕਰ ਬਣਨ ਲਈ ਅਪਲਾਈ ਕਰੋ ਅਤੇ ਵੋਟਿੰਗ ਡੇ ਨੂੰ ਐਡਮਿਨਿਸਟ੍ਰੇਟਿਵ ਅਤੇ ਗਾਹਕ ਸੇਵਾ ਕੰਮਾਂ ਵਿੱਚ ਸਹਾਇਤਾ ਕਰੋ। 2,000 ਤੋਂ ਵੱਧ ਅਹੁਦੇ ਉਪਲਬਧ ਹਨ। ਬ੍ਰੈਂਪਟਨ ਦੇ 18 ਸਾਲ ਜਾਂ ਵੱਧ ਉਮਰ ਦੇ ਨਿਵਾਸੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਇਹ ਨਵੀਆਂ ਕੁਸ਼ਲਤਾਵਾਂ ਪ੍ਰਾਪਤ ਕਰਨ, ਸਿਟੀ ਦੇ ਸਟਾਫ ਨੂੰ ਜਾਣਨ ਅਤੇ ਤੁਹਾਡੀ ਕਮਿਊਨਿਟੀ ਨਾਲ ਜੁੜਨ ਦਾ ਸ਼ਾਨਦਾਰ ਮੌਕਾ ਹੈ।
- **ਨਾਮਾਂਕਣ ਵਾਲਾ ਦਿਨ:** ਸੰਭਾਵੀ ਉਮੀਦਵਾਰ ਆਪਣੇ ਨਾਮਾਂਕਣ ਪੇਪਰ, ਸ਼ੁੱਕਰਵਾਰ, 19 ਅਗਸਤ, ਦੁਪਹਿਰ ਬਾਅਦ 2 ਵਜੇ ਤੱਕ ਫਾਈਲ ਕਰ ਸਕਦੇ ਹਨ। ਉਮੀਦਵਾਰ ਯੋਗਤਾ ਅਤੇ ਨਾਮਾਂਕਣ ਪ੍ਰਕਿਰਿਆ ਬਾਰੇ ਜਾਣਕਾਰੀ, ਇੱਥੇ (here) ਉਪਲਬਧ ਹੈ।
- **ਤੀਜੀ ਧਿਰ ਵਿਗਿਆਪਨ:** ਸੰਭਾਵੀ ਤੀਜੀ ਧਿਰ ਵਿਗਿਆਪਕ, ਬ੍ਰੈਂਪਟਨ ਵਿੱਚ ਵਿਗਿਆਪਨ ਦੇਣ ਵਾਸਤੇ 21 ਅਕਤੂਬਰ ਤੱਕ ਰਜਿਸਟਰੇਸ਼ਨ ਫਾਈਲ ਕਰ ਸਕਦੇ ਹਨ। ਤੀਜੀ ਧਿਰ ਵਿਗਿਆਪਨ, ਯੋਗਤਾਂ ਸ਼ਰਤਾਂ ਅਤੇ ਰਜਿਸਟਰੇਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ, ਇੱਥੇ (here) ਉਪਲਬਧ ਹੈ।

2022 ਦੀਆਂ ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/bramptonvotes ਤੇ ਜਾਓ।

**ਹਵਾਲਾ**

"ਮਿਊਨਿਸਿਪਲ ਸੇਵਾਵਾਂ, ਜਿਵੇਂ ਸੜਕਾਂ, ਪਾਰਕ, ਰੇਕ੍ਰੀਏਸ਼ਨ ਅਤੇ ਟ੍ਰਾਂਜ਼ਿਟ, ਨਿਵਾਸੀਆਂ ਦੀਆਂ ਰੋਜ਼ਾਨਾ ਜ਼ਿੰਦਗੀਆਂ ਦਾ ਹਿੱਸਾ ਹਨ। ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਵਿੱਚ ਵੋਟ ਪਾਉਣਾ, ਤੁਹਾਡੇ ਸ਼ਹਿਰ ਨੂੰ ਬਿਹਤਰ ਬਣਾਉਣ ਦਾ ਮਹੱਤਵਪੂਰਣ ਤਰੀਕਾ ਹੈ ਅਤੇ ਐਡਵਾਂਸ ਵੋਟਿੰਗ ਦਿਨਾਂ, ਹੋਮ ਵੋਟਿੰਗ ਅਤੇ ਤੁਹਾਡੇ ਵਾਰਡ ਵਿੱਚ ਕਿਸੇ ਵੀ ਸਥਾਨ ਵਿਖੇ ਵੋਟ ਪਾਉਣ ਦੀ ਯੋਗਤਾ ਦੇ ਨਾਲ, ਇਹ ਸਾਰਿਆਂ ਲਈ ਸੁਵਿਧਾਜਨਕ ਵੀ ਹੈ। ਮਿਊਨਿਸਿਪਲ ਅਤੇ ਸਕੂਲ ਬੋਰਡ ਚੋਣਾਂ ਵਿੱਚ ਸਿਰਫ 100 ਦਿਨ ਬਾਕੀ ਹਨ, ਯਕੀਨੀ ਬਣਾਓ ਕਿ ਤੁਸੀਂ ਵੋਟ ਪਾਉਣ ਦੀ ਯੋਜਨਾ ਬਣਾ ਲਈ ਹੈ!"

- *ਪੀਟਰ ਫੇ* (Peter Fay), *ਸਿਟੀ ਕਲਰਕ ਐਂਡ ਰਿਟਰਨਿੰਗ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca